# ਸੁਪਨਿਆਂ ਵਾਲਾ ਬਚਪਨ



ਮਨਮੋਹਨ ਸਿੰਘ ਦਾਊਂ

# ਸੁਪਨਿਆਂ ਵਾਲਾ ਬਚਪਨ

(ਬਾਲ-ਗੀਤ ਤੇ ਕਵਿਤਾਵਾਂ)

ਮਨਮੋਹਨ ਸਿੰਘ ਦਾਊਂ

**ਲੋਕਗੀਤ ਪ੍ਰਕਾਸ਼ਨ**

ਐਸ.ਸੀ.ਓ. 26-27, ਚੌਥੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ।

## ਤਰਤੀਬ


1 ਚਾਨਣ ਦਾ ਰੱਥ/3
2 ਪਿਆਰੀ ਮਾਂ/4
3 ਬੱਚਿਆਂ ਨੂੰ ਦਿਲ ਦੇਵਾਂ/6
4 ਦਾਨੀ ਮਿੱਟੀ/7
5 ਇੰਜ ਲੋਚੇ ਜੀਅ ਮੇਰਾ/8
6 ਅੰਬਰ ਤਾਰਿਆਂ ਜੜਿਆ/9
7 ਚਾਨਣ ਦੇ ਵਣਜਾਰੇ/10
8 ਪੁਸਤਕਾਂ ਨਾਲ ਦੋਸਤ/11
9 ਰੰਗਾਂ ਦੇ ਦ੍ਰਿਸ਼/12
10 ਮੋਰੀ ਰੁਣ-ਝੁਣ ਲਾਇਆ/13
11 ਗਹਿਣਾ ਵਿੱਦਿਆ ਦਾ/14
12 ਮਾਂ ਅਤੇ ਭੁੰਮੀ/15
13 ਚਾਨਣ ਦੀ ਮਸਾਲ/17
14 ਕਿੱਥੇ ਗਏ ਉਹ ਫੁੱਲ ਪਿਆਰੇ/18
15 ਪੰਛੀਆਂ ਨਾਲ ਸੁਹੰਦੀ ਧਰਤੀ/19
16 ਏਕੇ ਦੀ ਤੰਦ/20
17 ਸੁੰਦਰ ਸੰਸਾਰ ਬਣਾਈਏ/21
18 ਫੁੱਲਾਂ ਵਾਂਗੂ ਹੱਸੀਏ/22
19 ਬੱਦਲ ਚੰਗੇ ਲਗਦੇ/23
20 ਚਾਨਣ ਦੀ ਕਲਮ/24
21 ਕੁਦਰਤ ਦੀ ਸੁੰਦਰਤਾ/25
22 ਹਨੇਰੀ/26
23 ਵਰਖਾ ਨੂੰ ਜੀ ਆਇਆਂ/27
24 ਕਣਕ ਦੀ ਗਹਾਇ/28
25 ਲੁਹਾਰ ਦੀ ਭੱਠੀ/29
26 ਮੌਨਸੂਨ ਪੌਣਾਂ/30
27 ਪਾਣੀ ਵਿਚ ਪਤਾਸਾ/31
28 ਕਣਕਾਂ ਦਾ ਗੀਤ/33
29 ਦੀਵੇ ਤੋਂ ਦੀਵਾ ਜਗਦਾ/34
30 ਬੱਚਿਆਂ ਦੇ ਜਜ਼ਬਾਤ ਦੀ ਗੱਲ/35


ਬੱਚਿਆਂ ਦੀ ਖ਼ੁਸ਼ੀ ਦੇ ਨਾਂ!!

## ਚਾਨਣ ਦਾ ਰੱਥ

ਪੂਰਬ ਦੀ ਕੁੱਛੜ 'ਚੋਂ ਲਾਲੀ,
ਖਿੰਡ ਗਈ ਚਾਰ ਚੁਫ਼ੇਰੇ,
ਨਵੇਂ ਸਾਲ ਦਾ ਦਿਨ ਹੈ ਚੜ੍ਹਿਆ
ਭੱਜ ਗਏ ਦੂਰ ਹਨੇਰੇ।

ਸੂਰਜ ਨੇ ਮੋਢੇ 'ਤੇ ਚੁੱਕਿਆ
ਸੋਨ-ਕਿਰਨਾਂ ਦਾ ਭੱਥਾ,
ਅੰਬਰ ਦੇ ਵਿਹੜੇ 'ਚ ਵੇਖੋ
ਚਾਨਣ ਦਾ ਰੱਥ ਲੱਥਾ।

ਪੰਛੀ ਜਾਗੇ ਗੀਤ ਅਲਾਪਣ
ਉੱਡਣ-ਉੱਡਣ ਨੂੰ ਕਰਦੇ,
ਰੁੱਖ, ਬੂਟੇ ਤੇ ਫੁੱਲ ਬਹੁਰੰਗੇ
ਪੌਣੀਂ ਮਹਿਕਾਂ ਭਰਦੇ।

ਧਰਤੀ ਦਾ ਕਣ-ਕਣ ਵੀ ਜਗਿਆ
ਲੈ ਕੇ ਆਸ ਉਮੰਗਾਂ,
ਅਮਨ-ਸ਼ਾਂਤੀ ਸਾਰਾ ਜੱਗ ਲੋੜੇ
ਹੋਣ ਨਹੀਂ ਦੇਣੀਆਂ ਜੰਗਾਂ।

ਦਰਿਆਵਾਂ ਦਾ ਪਾਣੀ ਆਖੇ
ਹਰ ਪਲ ਵਗਦੇ ਰਹਿਣਾ,
ਜਦ ਤਕ ਮੰਜ਼ਿਲ ਹੋਏ ਨਾ ਪੂਰੀ
ਤਦ ਤਕ ਕੀ ਹੈ ਬਹਿਣਾ।

ਨਵੇਂ ਸਾਲ ਦਾ ਸੱਜਰਾ ਸੂਰਜ
ਸੱਧਰਾਂ ਲੈ ਕੇ ਆਵੇ,
ਪਿੰਡ, ਨਗਰ ਤੇ ਸ਼ਹਿਰਾਂ ਤਾਈਂ
ਚਾਨਣ ਵੰਡ ਰੁਸ਼ਨਾਵੇ।

# ਪਿਆਰੀ ਮਾਂ

ਨਿੱਕੇ ਹੁੰਦਿਆਂ
ਝੱਗੇ ਦਾ ਜਦ ਬਟਨ ਟੁੱਟਣਾ
ਦਿਲ ਘਬਰਾਉਣਾ
ਡੁਸ-ਡੁਸ ਕਰਨਾ।
'ਕਿੱਥੇ ਬਟਨ ਗੁਆਚਿਆ ਤੇਰਾ ?'
ਮਾਂ ਨੇ ਪੁੱਛਣਾ।
ਆਪਣੇ ਝੱਗੇ ਦੇ ਵੱਲ ਤੱਕਣਾ
ਭੋਲੀ ਭਾਲੀ ਗਿਣਤੀ ਕਰਨੀ
ਗੁੰਮੇ ਬਟਨ ਨੂੰ ਲੱਭਦੇ ਫਿਰਨਾ।

ਪਰ ਮਾਂ ਨੇ
ਸੂਈ-ਧਾਗਾ ਲੈ ਕੇ
ਬਟਨ ਨੂੰ ਆਪਣੀ ਥਾਂ 'ਤੇ ਲਾਉਣਾ
ਪੱਕਾ ਕਰਨਾ
ਤੇ ਟਾਂਕਾ-ਟਾਂਕਾ ਭਰਨਾ।

ਕਦੇ-ਕਦੇ ਜਦ ਖੇਡ ਖੇਡਦਿਆਂ
ਪਹਿਨੇ ਵਸਤਰ ਦੀ
ਸੀਣ ਉਧੜਨੀ
ਜਾਂ ਕੋਈ ਲਾਂਗਰ ਲੱਥਣੀ
ਤਾਂ ਕਈ ਬਹਾਨੇ ਉਣਨੇ।

ਮਾਂ ਦੇ ਕੋਲ ਜਾਣ ਤੋਂ ਡਰਨਾ
ਸਜ਼ਾ ਤੋਂ ਡਰਦੇ
ਚਿਹਰਾ ਸੂਹਾ ਹੋਣਾ,
ਪਰ ਪਿਆਰੀ ਮਾਂ ਨੇ
ਕੁਝ ਨਾ ਕਹਿਣਾ
ਸਭ ਕੁਝ ਸਹਿਣਾ,
ਉਧੜਿਆ ਸੀਣਾ
ਤੋਪਾ-ਤੋਪਾ ਭਰ ਕੇ ਟਾਕੀ
ਲਾਉਣੀ
ਤੇ ਮੁੜ-
ਸੁੰਦਰ-ਸਜੀਲਾ ਵਸਤਰ ਕਰਨਾ।


ਮਾਂ-ਹੱਥਾਂ ਦੀ ਛੋਹ
ਜਦ ਵੀ ਚੇਤੇ ਆਏ
ਮੇਰਾ ਮਨ ਭਰ ਆਏ।



# ਬੱਚਿਆਂ ਨੂੰ ਦਿਲ ਦੇਵਾਂ

ਬੱਚੇ ਮੈਨੂੰ ਪਿਆਰੇ ਲਗਦੇ
ਬੱਚਿਆਂ ਨੂੰ ਮੈਂ ਕਰਾਂ ਪਿਆਰ,
ਬੱਚੇ ਮਿਲਣ ਤਾਂ ਖ਼ੁਸ਼ੀ ਹੈ ਮਿਲਦੀ,
ਬੱਚਿਆਂ ਤੋਂ ਜਾਵਾਂ ਬਲਿਹਾਰ।

ਭੋਲੇ, ਭਾਲੇ, ਸੁੰਦਰ ਮੁੱਖੜੇ,
ਫੁੱਲਾਂ ਵਾਂਗੂੰ ਖਿੜ-ਖਿੜ ਹੱਸਦੇ।
ਟੋਲੀਆਂ ਬੰਨ੍ਹ ਕੇ ਗੀਤ ਨੇ ਗਾਉਂਦੇ,
ਇੱਕ ਦੂਜੇ ਦੇ ਪਿੱਛੇ ਨੱਸਦੇ।



ਊਚ ਨੀਚ ਦਾ ਭੇਦ ਨਾ ਜਾਨਣ,
ਮਿਲ ਕੇ ਸਾਰੇ ਹਾਸੇ ਵੰਡਦੇ।
ਜਾਤ-ਪਾਤ ਤੇ ਧਰਮ ਨਾ ਪਰਖਣ,
ਹਾਣੀ ਬਣ-ਬਣ ਆੜੀ ਗੰਢਦੇ।

ਉੱਡਣਾ ਲੋਚਣ ਪੰਛੀ ਬਣ-ਬਣ,
ਛੂਹਣਾ ਚਾਹਣ ਚੰਨ-ਸਿਤਾਰੇ,
ਨੈਣੀਂ ਸੁਪਨੇ ਕੱਤਦੇ ਰਹਿੰਦੇ,
ਨੂਰ ਧਰਤ ਦੇ ਬਾਲ ਪਿਆਰੇ।

ਬੱਚਿਆਂ ਦੇ ਵਿੱਚ ਰੱਬ ਵਸੇਂਦਾ,
ਸੱਚੀ ਗੱਲ ਇਹ ਕਹਿਣ ਸਿਆਣੇ।
ਕਰੋ ਭਵਿੱਖ ਖ਼ੁਸ਼ਹਾਲ ਇਹਨਾਂ ਦਾ,
ਦੇਸ਼ ਦੀ ਦੌਲਤ ਅਸਲ ਨਿਆਣੇ।

ਬੱਚਿਆਂ ਬਾਝੋਂ ਘਰ ਸੁੰਨੇ ਨੇ,
ਫੁੱਲਾਂ ਬਾਝੋਂ ਬਾਗ ਅਧੂਰੇ,
ਬੱਚਿਆਂ ਨੂੰ ਦਿਲ ਦੇਵਾਂ ਆਪਣਾ,
ਸ਼ਾਲਾ! ਸੁਪਨੇ ਹੋਵਣ ਪੂਰੇ।

# ਦਾਨੀ ਮਿੱਟੀ

ਮਿੱਟੀ ਧਰਤੀ ਦੀ ਕੁੱਖ
ਦੇਵੇ ਸਾਨੂੰ ਸਾਰੇ ਸੁੱਖ,
ਉਪਜੇ ਬੂਟੇ ਅਤੇ ਰੁੱਖ
ਝੱਲੇ ਲੋਕਾਂ ਦੇ ਦੁੱਖ।

ਮਿੱਟੀ ਪਾਣੀ ਨੂੰ ਸਮਾਏ
ਸਾਵੀਆਂ ਫ਼ਸਲਾਂ ਉਗਾਏ,
ਸੋਹਣੇ ਫੁੱਲਾਂ ਨੂੰ ਖਿੜਾਏ
ਐਪਰ ਨਿਮਰਤਾ ਸਿਖਾਏ।

ਮਿੱਟੀ ਪੈਰਾਂ ਥੱਲੇ ਰਹੇ
ਕਦੇ ਮੰਦੜਾ ਨਾ ਕਹੇ,
ਚੁੱਪ ਚਾਪ ਭਾਰ ਸਹੇ
ਸੱਭੋ ਕੁਝ ਪਿਆ ਲਹੇ।

ਮਿੱਟੀ ਧਰਤੀ ਹੈ ਮਾਂ
ਸਭ ਦੇ ਰਹਿਣ ਵਾਲੀ ਥਾਂ
ਜੀਵੇ ਸਾਰਾ ਹੀ ਜਹਾਂ
ਇਸ 'ਤੇ ਰਹੇ ਠੰਢੀ ਛਾਂ।

ਮਿੱਟੀ ਅੰਨ ਉਪਜਾਏ
ਇਸ ਦਾ ਦਿੱਤਾ ਸਭ ਖਾਏ,
ਜੀਵ-ਜੰਤ ਇਸ ਦੇ ਜਾਏ
ਤਦੇ ਦਾਨੀ ਇਹ ਕਹਾਏ!!

# ਇੰਜ ਲੋਚੇ ਜੀਅ ਮੇਰਾ

ਜੀਅ ਲੋਚੇ ਮੈਂ ਪੰਛੀ ਹੋਵਾਂ
ਰਹਾਂ ਉੱਡਦਾ ਵਿੱਚ ਹਵਾਵਾਂ,
ਬੱਦਲ ਛੋਹਾਂ ਤਿੱਤਰ-ਖੰਭੜੇ
ਨੀਲਾ ਅੰਬਰ ਗਲੇ ਲਗਾਵਾਂ।

ਜੀਅ ਲੋਚੇ ਮੈਂ ਫੁੱਲਾਂ ਵਾਂਗੂੰ
ਖਿੜ-ਖਿੜ ਹੱਸਾਂ ਟਹਿਕਾਂ,
ਰੰਗ-ਬਰੰਗੜੀ ਝੋਲੀ ਵਿੱਚੋਂ
ਚਾਰ ਚੁਫੇਰੇ ਵੰਡਾਂ ਮਹਿਕਾਂ।




ਜੀਅ ਲੋਚੇ ਮੈਂ ਤਾਰਾ ਬਣਕੇ
ਰਾਤ ਹਨੇਰੀ ਝਿਲ-ਮਿਲ ਚਮਕਾਂ,
ਚਾਨਣ ਦੀ ਬਣ ਰਿਸ਼ਮ ਤੰਦੜੀ
ਪਾਂਧੀ ਦੇ ਰਾਹਾਂ ਵਿੱਚ ਦਮਕਾਂ।



ਜੀਅ ਲੋਚੇ ਮੈਂ ਝਰਨੇ ਵਾਂਗੂੰ
ਛਮ-ਛਮ ਕਰਦਾ ਲੱਗਾਂ,
ਚੀਰ ਪਹਾੜੀ ਪੈਂਡਾ ਔਖਾ
ਮੈਂ ਸਦਾ ਨਿਰੰਤਰ ਵੱਗਾਂ।

ਜੀਅ ਲੋਚੇ ਮੈਂ ਗੀਤ ਹੀ ਹੋਵਾਂ
ਧਰਤੀ ਤੋਂ ਅੰਬਰਾਂ ਤੱਕ ਲਰਜ਼ਾਂ,
ਪੌਣੀਂ ਵੰਡਕੇ ਬੋਲ ਸੁੱਚੜੇ
ਕੂੜ-ਕੁਸੱਤ ਨੂੰ ਵਰਜਾਂ।



# ਅੰਬਰ ਤਾਰਿਆਂ ਜੜਿਆ

ਕੋਠੇ ਚੜ੍ਹ ਕੇ ਜਦ ਮੈਂ ਰਾਤੀਂ
ਅੰਬਰ ਦੇ ਵਿੱਚ ਤੱਕਾਂ ਤਾਰੇ,
ਮੈਨੂੰ ਲੱਗਦੇ ਮੇਰੇ ਸਾਥੀ
ਝਮ-ਝਮ ਕਰਨ ਇਸ਼ਾਰੇ।

ਕਦੇ ਤਾਂ ਮੈਨੂੰ ਤਾਰੇ ਲੱਗਣ
ਜਿਉਂ ਚੰਬੇ ਦੀਆਂ ਕਲੀਆਂ,
ਅੰਬਰ ਦੀ ਥਾਲੀ ਵਿੱਚ ਖਿੰਡੀਆਂ
ਜਿਉਂ ਸੋਨੇ ਦੀਆਂ ਡਲੀਆਂ।

ਕਦੇ ਕਦੇ ਇਹ ਏਦਾਂ ਜਾਪਣ
ਜਿਉਂ ਸ਼ੀਸ਼ੇ ਦੇ ਟਿੱਕੇ,
ਜੀਅ ਲੋਚੇ ਮੈਂ ਤੋੜ ਲਿਆਵਾਂ
ਹੱਥ ਮੇਰੇ ਪਰ ਨਿੱਕੇ।

ਕਦੇ ਤਾਂ ਮੈਨੂੰ ਤਾਰੇ ਲੱਗਣ
ਜਿਉਂ ਬਲਬਾਂ ਦੀਆਂ ਲੜੀਆਂ,
ਟਿਮ-ਟਿਮ ਕਰਦੀਆਂ ਸੁੰਦਰ ਲੱਗਣ
ਰਾਤਾਂ ਤਾਰਿਆਂ ਜੜੀਆਂ।

ਕਦੇ-ਕਦੇ ਮੈਨੂੰ ਏਦਾਂ ਜਾਪਣ
ਜਿਉਂ ਖਿੱਲਰੇ ਮੋਤੀ ਚਿੱਟੇ,
ਰੁੱਗ ਭਰ ਕੇ ਅੰਬਰ ਨੂੰ ਜਿੱਦਾਂ
ਕੁਦਰਤ ਰਾਣੀ ਦਿੱਤੇ।

ਕਦੇ-ਕਦੇ ਮੈਨੂੰ ਏਦਾਂ ਲੱਗੇ,
ਜਿਉਂ ਤਾਰੇ ਬਾਤਾਂ ਪਾਉਂਦੇ,
ਜਾਂ ਮੇਰੇ ਹੀ ਆੜੀ ਮੈਨੂੰ
ਹਾਕਾਂ ਮਾਰ ਬੁਲਾਉਂਦੇ।

# ਚਾਨਣ ਦੇ ਵਣਜਾਰੇ

ਅਸੀਂ ਚਾਨਣ ਦੇ ਵਣਜਾਰੇ,
ਅਸੀਂ ਬਣੀਏ ਚੰਨ, ਸਿਤਾਰੇ।
ਅਸੀਂ ਨ੍ਹੇਰੇ ਦੇਣੇ ਢੋਅ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਚਾਨਣ ਸਭ ਨੂੰ ਵੰਡੀਏ,
ਅਸੀਂ ਬੁਰੀਆਂ ਰਸਮਾਂ ਛੰਡੀਏ।
ਅਸੀਂ ਬਣਨਾ ਵਿੱਦਿਆ ਲੋਅ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਦਿਲ ਦੇ ਸੱਚੇ ਸੁੱਚੇ,
ਅਸੀਂ ਜਾਣਾ ਉੱਚੇ ਉੱਚੇ।
ਸਾਡੇ ਵਰਗਾ ਹੋਰ ਨਾ ਕੋਅ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਰਲ ਮਿਲ ਸਾਰੇ ਰਹੀਏ,
ਅਸੀਂ ਮੰਦੜਾ ਬੋਲ ਨਾ ਕਹੀਏ।
ਸਾਡੀ ਫੁੱਲਾਂ ਜਿਹੀ ਖ਼ੁਸ਼ਬੋ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਹਰ ਔਕੜ ਨੂੰ ਤਰੀਏ,
ਅਸੀਂ ਮੁਸ਼ਕਲ ਤੋਂ ਨਾ ਡਰੀਏ।
ਅਸੀਂ ਇੱਕ ਹਾਂ, ਨਾਹੀਂ ਦੋ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਗੀਤ ਅਮਨ ਦੇ ਗਾਈਏ,
ਅਸੀਂ ਪ੍ਰੀਤਾਂ ਸਭ ਨਾਲ ਪਾਈਏ।
ਸਾਨੂੰ ਧਰਤੀ ਦੇ ਨਾਲ ਮੋਹ,
ਹੋ-ਹੋ-ਹੋ, ਹੋ-ਹੋ-ਹੋ।

# ਪੁਸਤਕਾਂ ਨਾਲ ਦੋਸਤੀ

ਕਿੰਨਾ ਹੈ ਪਿਆਰਾ ਬੱਚਿਆਂ ਦਾ ਕਾਫ਼ਲਾ,
ਪੁਸਤਕਾਂ ਨੂੰ ਪੜ੍ਹੋ, ਕਹਿੰਦਾ ਫਿਰੇ ਕਾਫ਼ਲਾ।

ਬੱਚਿਆਂ ਤੇ ਪੁਸਤਕਾਂ ਦੀ ਸੱਚੀ ਦੋਸਤੀ,
ਹੋਕਾ ਦੇਵੇ ਕਿੰਨਾ ਸੁਹਣਾ ਲੱਗੇ ਕਾਫ਼ਲਾ।

ਲੈ ਲਵੋ ਕਿਤਾਬਾਂ ਵੰਨ ਤੇ ਸੁਵੰਨੀਆਂ,
ਚਾਨਣ ਖਿੰਡਾਉਣ ਲਈ ਆਇਆ ਕਾਫ਼ਲਾ।

ਪੁਸਤਕਾਂ ਗਿਆਨ ਦਾ ਭੰਡਾਰ ਹੁੰਦੀਆਂ,
ਬੱਚਿਓ! ਸੱਚੀ ਗੱਲ ਆਖਦਾ ਹੈ ਕਾਫ਼ਲਾ।

ਪੜ੍ਹ ਕੇ ਕਿਤਾਬਾਂ ਨਾਲ ਪਾਓ ਆੜੀਆਂ,
ਕਿੰਨੀ ਚੰਗੀ ਗੱਲ ਆਖਦਾ ਹੈ ਕਾਫ਼ਲਾ।

ਕਵਿਤਾ, ਕਹਾਣੀ, ਗੀਤ ਤੇ ਬੁਝਾਰਤਾਂ,
ਨਾਟਕਾਂ ਨੂੰ ਖੇਡਣਾ ਸਿਖਾਉਂਦਾ ਕਾਫ਼ਲਾ।

ਜ਼ਿੰਦਗੀ ਨੂੰ ਸੇਧ ਦੇਣ ਪੁਸਤਕਾਂ,
ਅਖ਼ਬਾਰ ਤੇ ਰਸਾਲੇ ਪੜ੍ਹੋ, ਕਹਿੰਦਾ ਕਾਫ਼ਲਾ।

ਫੁੱਲਾਂ ਤੇ ਕਿਤਾਬਾਂ ਨਾਲ ਘਰ ਫੱਬਦੇ,
ਪੌਣਾਂ 'ਚ ਸੰਗੀਤ ਘੋਲ ਜਾਵੇ ਕਾਫ਼ਲਾ।

ਹਸੂੰ-ਹਸੂੰ ਬਾਲ, ਫੁੱਲ ਸੁਹਣੇ ਪਿਆਰਿਓ,
ਪੁਸਤਕਾਂ ਨੂੰ ਪੜ੍ਹੋ, ਕਹਿੰਦਾ ਫਿਰੇ ਕਾਫ਼ਲਾ।



# ਰੰਗਾਂ ਦੇ ਦ੍ਰਿਸ਼

ਸੱਤ ਰੰਗ ਆਪਸ 'ਚ ਮਿਲ ਕੇ,
ਚਿੱਟਾ ਰੰਗ ਬਣ ਜਾਵੇ।
ਚਾਨਣ ਚਿੱਟਾ ਦਿਨ ਹੈ ਚੜ੍ਹਦਾ,
ਸਭ ਅੱਖੀਆਂ ਨੂੰ ਭਾਵੇ।

ਚਿੱਟੀ ਬਰਫ਼ ਤੇ ਚਿੱਟੇ ਬੱਦਲ,
ਚਿੱਟਾ ਅਮਨ ਦਾ ਝੰਡਾ।
ਦੁੱਧ, ਮਲਾਈ, ਮੱਖਣ ਚਿੱਟਾ,
ਚਿੱਟਾ ਰੂੰ ਦਾ ਫੰਬਾ।

ਫ਼ਸਲਾਂ ਦਾ ਰੰਗ ਸਾਵਾ ਗੂੜ੍ਹਾ,
ਘਾਹ ਮਾਰੇ ਹਰਿਆਲੀ।
ਹਰੇ-ਭਰੇ ਰੁੱਖ, ਬੂਟੇ, ਵੇਲਾਂ,
ਜੀਵਨ ਦੀ ਖੁਸ਼ਹਾਲੀ।

ਨੀਲਾ ਅੰਬਰ ਸਿਰ ਸਾਡੇ 'ਤੇ,
ਕੁਦਰਤ ਵਾਹਵਾ ਤਣਿਆ।
ਕਿਰਨਾਂ ਦਾ ਰੁੱਗ ਲੰਘ ਬੱਦਲਾਂ ਥੀਂ,
ਰੰਗ ਸੁਨਹਿਰੀ ਬਣਿਆ।

ਲਾਲ, ਗੁਲਾਬੀ ਅਤੇ ਉਨਾਭੀ,
ਫੁੱਲ ਖਿੜਦੇ ਤੇ ਸੋਂਹਦੇ।
ਖੰਭ ਮੋਰ ਦੇ ਨੀਲ ਫਿਰੋਜ਼ੀ,
ਜਦ ਤਣਦੇ ਮਨ-ਮੋਂਹਦੇ।

ਰੰਗਾਂ ਦੇ ਦ੍ਰਿਸ਼ ਵੱਖੋ ਵੱਖਰੇ,
ਸਭ ਦੇ ਮਨ ਨੂੰ ਭਾਉਂਦੇ।
ਪੀਂਘ ਸਤਰੰਗੀ ਤੱਕ ਕੇ ਬੱਚੇ,
ਮਾਰ ਤਾੜੀਆਂ ਗਾਉਂਦੇ।

# ਮੋਰੀ ਰੁਣ-ਝੁਣ ਲਾਇਆ

ਮੋਰੀ ਰੁਣ-ਝੁਣ ਲਾਇਆ
ਸਾਵਣ ਆਇਆ
ਮੀਂਹ ਵਰ੍ਹਾਇਆ
ਸਭਨਾਂ ਸ਼ੁਕਰ ਮਨਾਇਆ।
ਆਓ ਭਿੱਜ-ਭਿੱਜ ਭੱਜੀਏ
ਗਰਮੀ ਤੱਜੀਏ
ਰੱਜ ਗਿਆ ਪਿੰਡਾ ਤ੍ਰਿਹਾਇਆ
ਸਾਵਣ ਆਇਆ, ਮੀਂਹ ਵਰ੍ਹਾਇਆ।
ਔਹ ਬੱਦਲਾਂ ਨੇ ਅੰਬਰ ਭਰਿਆ
ਮੇਘ ਅਸਾਡੇ ਖੇਤੀਂ ਵਰ੍ਹਿਆ,
ਝੂਮ ਪਏ ਰੁੱਖ ਬੂਟੇ ਸਾਰੇ
ਪੰਛੀ ਚੀਂ-ਚੀਂ ਕਰਦੇ ਪਿਆਰੇ।
ਠੰਢੀ ਪੌਣ ਦਾ ਬੁੱਲਾ ਆਇਆ
ਸਾਵਣ ਆਇਆ, ਮੀਂਹ ਵਰ੍ਹਾਇਆ।
ਪੀਂਘਾਂ ਆਉਣ ਦੀ ਰੁੱਤ ਹੈ ਆਈ
ਕੁੜੀਆਂ ਰਲ ਕੇ ਖ਼ੁਸ਼ੀ ਮਨਾਈ,
ਰੁੱਖ-ਪੱਤਿਆਂ ਨੂੰ ਚੜ੍ਹਗੀ ਮਸਤੀ
ਖਿੜ ਉੱਠੀ ਹੈ ਬਸਤੀ-ਬਸਤੀ।
ਰੁੱਠੀ ਬਨੱਸਪਤ ਰੂਪ ਸਜਾਇਆ
ਸਾਵਣ ਆਇਆ, ਮੀਂਹ ਵਰ੍ਹਾਇਆ।
ਸਭ ਪਾਸੇ ਛਾਈ ਹਰਿਆਲੀ
ਹੱਸਣ ਹਾਲੀ, ਪਾਲੀ, ਮਾਲੀ,
ਬਾਗੀਂ ਮੋਰ ਨੇ ਪੈਲਾਂ ਪਾਉਂਦੇ
ਪੀਂਘ ਨੂੰ ਤੱਕ-ਤੱਕ ਬੱਚੇ ਗਾਉਂਦੇ
ਕਿੰਨਾ ਸੁਹਣਾ ਮੌਸਮ ਆਇਆ
ਸਾਵਣ ਆਇਆ, ਮੀਂਹ ਵਰ੍ਹਾਇਆ
ਮੋਰੀ ਰੁਣ-ਝੁਣ ਲਾਇਆ
ਸਾਵਣ ਆਇਆ!!

# ਗਹਿਣਾ ਵਿੱਦਿਆ ਦਾ

ਇੱਕ ਗਹਿਣਾ ਵਿੱਦਿਆ ਦਾ,
ਮਾਏ ਮੈਂ ਪਾਉਣਾ ਨੀਂ,
ਕਿੰਨਾਂ ਵਡਮੁੱਲਾ ਇਹ,
ਕੀ ਇਸ ਦਾ ਕਹਿਣਾ ਨੀਂ।
ਇਹ ਚਾਨਣ ਜੀਵਨ ਦਾ,
ਉਮਰਾਂ ਦਾ ਗਹਿਣਾ ਨੀਂ।

ਨਾ ਚੋਰ ਚੁਰਾ ਸਕੇ,
ਨਾ ਕੋਈ ਲਾਹ ਸਕੇ।
ਵਿੱਦਿਆ ਦੇ ਬਾਝੋਂ ਨੀਂ,
ਚਾਨਣ ਦੇ ਬਾਝੋਂ ਨੀਂ,
ਇਹ ਜੱਗ ਹਨੇਰਾ ਏ।
ਦੁੱਖਾਂ ਦਾ ਡੇਰਾ ਏ।

ਵਿੱਦਿਆ ਇੱਕ ਭਗਤੀ ਏ,
ਸੱਚੀ ਇੱਕ ਸ਼ਕਤੀ ਏ,
ਮਿਹਨਤ ਜੋ ਕਰ ਜਾਵੇ,
ਜੀਵਨ ਵਿੱਚ ਤਰ ਜਾਵੇ।

ਚਾਨਣ ਦਾ ਚਰਖਾ ਮੈਂ,
ਵਿਹੜੇ ਬਹਿ ਕੱਤਾਂ ਨੀਂ,
ਅੱਖਰਾਂ ਦੀ ਪੂਣੀ ਚੋਂ,
ਲੈਵਾਂ ਮੈਂ ਮੱਤਾਂ ਨੀਂ।

ਦਿਲ ਦੀਆਂ ਗੱਲਾਂ ਨੂੰ
ਸ਼ਬਦਾਂ ਵਿੱਚ ਬੰਨ੍ਹਾਂ ਨੀਂ
ਦਾਜ ਦੀਆਂ ਗੀਤਾਂ ਨੂੰ
ਘਰ-ਘਰ 'ਚੋਂ ਭੰਨਾਂ ਨੀਂ।

ਮੈਂ ਕੁਝ ਨਾ ਲੋੜਾਂ ਨੀਂ
ਵਿੱਦਿਆ ਬਿਨ ਥੋੜ੍ਹਾਂ ਨੀਂ,
ਮਾਏ ਬਸ ਚਾਨਣ ਦੇ
ਜੀਵਨ ਨੂੰ ਮਾਨਣ ਦੇ।

ਨਵੀਆਂ ਇਹ ਗੱਲਾਂ ਨੀਂ
ਰਿਸ਼ਮਾਂ ਦੀਆਂ ਛੱਲਾਂ ਨੀਂ,
ਲੋਕਾਂ ਨੂੰ ਦੱਸੀਏ ਨੀਂ
ਸੁਖੀ ਹੋ ਵੱਸੀਏ ਨੀਂ।

ਚਾਨਣ ਦੀਆਂ ਕਲੀਆਂ ਨੀਂ
ਸੋਨੇ ਦੀਆਂ ਡਲੀਆਂ ਨੀਂ।
ਗਹਿਣਾ ਪਾ ਵਿੱਦਿਆ ਦਾ
ਖਿੜੀਆਂ ਅੱਜ ਗਲੀਆਂ ਨੀਂ
ਇੱਕ ਗਹਿਣਾ ਵਿੱਦਿਆ ਦਾ
ਮਾਏ ਮੈਂ ਪਾਉਣਾ ਨੀਂ।

# ਮਾਂ ਅਤੇ ਝੁੰਮੀ

ਨਿੱਕੇ ਹੁੰਦਿਆਂ, ਠੰਢ ਲੱਗਦੀ ਜਦ
ਮਾਂ ਖੇਸੀ ਦੀ ਝੁੰਮੀ ਮਾਰ ਕੇ ਹੱਥੀਂ
ਮੇਰੇ ਸਿਰ 'ਤੇ ਦੇਂਦੀ
ਨਿੱਘ ਆ ਜਾਂਦਾ, ਝੁੰਮੀ ਦੇ ਨਾਲ
ਪਿੰਡਾ ਮਘ ਜਾਂਦਾ।
ਹਾਣੀਆਂ ਦੇ ਸੰਗ ਖੇਡਣ ਦੇ ਲਈ
ਘਰ ਤੋਂ ਬਾਹਰ ਨੂੰ ਭੱਜ ਜਾਂਦਾ
ਠੱਕਾ, ਸਰਦੀ ਸਭ ਭੁੱਲ ਜਾਂਦਾ।

ਮੀਂਹ ਪੈਂਦਾ, ਝੱਖੜ ਝੁਲਦਾ
ਕਣੀਆਂ ਵਰ੍ਹਦੀਆਂ,
ਮਾਂ ਖੇਸੀ ਦੀ ਝੁੰਮੀ ਦੇ ਕੇ
ਮੇਰਾ ਦਿਲ ਪਰਚਾਉਂਦੀ,
ਵਰ੍ਹਦੇ ਮੀਂਹ ਵਿੱਚ ਘਰ ਤੋਂ ਬਾਹਰ
ਕੰਮ ਕਰਨ ਨੂੰ ਘੱਲਦੀ,
ਚਾਵਾਂ-ਮੱਤਾ,
ਓਢ ਕੇ ਝੁੰਮੀ
ਮਾਂ ਦੇ ਕਹਿਣੇ ਮੈਂ ਲਗ ਜਾਂਦਾ,
ਕੰਮ ਕਰ ਆਉਂਦਾ
ਮਾਂ ਨੂੰ ਚੰਗਾ-ਚੰਗਾ ਲੱਗਦਾ।

ਕਦੇ-ਕਦੇ ਮਾਂ
ਝੁੰਮੀ ਮਾਰਨ ਦਾ, ਵੱਲ ਸਿਖਾਉਂਦੀ
ਨਿੱਕੜੇ ਹੱਥਾਂ ਨੂੰ ਜਾਚ ਨਾ ਆਉਂਦੀ
ਤੁੱਥ-ਮੁੱਥ ਖੇਸੀ ਹੀ ਰਹਿ ਜਾਂਦੀ
ਮਾਂ ਹੱਸਦੀ ਤੇ ਮੈਂ ਰੋ ਪੈਂਦਾ
ਝੁੰਮੀ ਦਾ ਮੈਨੂੰ ਵੱਲ ਨਾ ਆਉਂਦਾ।

ਵੱਡਾ ਹੋਇਆ, ਸਮਝ ਇਹ ਆਈ
ਨਿੱਕੀ ਗੱਲ ਵੀ ਸਿੱਖਣ ਦੇ ਲਈ
ਢੰਗ ਚਾਹੀਦਾ,
ਉਮਰਾਂ ਨਾਲ ਤਜਰਬਾ ਆਉਂਦਾ
ਸੂਝ ਹੈ ਆਉਂਦੀ,
ਫ਼ਰਜ਼ ਨਿਭਾਉਣ ਦੀ ਜਾਚ ਹੈ ਆਉਂਦੀ।

ਸਮਾਂ ਬਦਲਿਆ, ਦੌਰ ਬਦਲਿਆ
ਪੀੜ੍ਹੀ-ਦਰ-ਪੀੜ੍ਹੀ ਫ਼ਰਕ ਬਦਲਿਆ
ਤੇਜ਼ੀ ਨਾਲ ਵਿਹਾਰ ਬਦਲਿਆ।

ਹੁਣ ਪੋਤਰਾ ਮੈਥੋਂ
ਧੁੱਪਾਂ ਤੋਂ ਬਚਣੇ ਦੀ ਖਾਤਰ
ਗੋਗਲਜ਼ ਮੰਗੇ
ਰੰਗ-ਬਰੰਗੀ ਛਤਰੀ ਮੰਗੇ
ਬਟਨ ਦਬਾਇਆਂ ਜੋ ਖੁੱਲ੍ਹ ਜਾਵੇ,
ਝੁੰਮੀ ਹੁਣ ਪਸੰਦ ਨਾ ਉਸ ਨੂੰ
ਗਰਮ ਸੂਟ ਪਾ ਬਟਨ ਲਗਾਵੇ
ਪੈਰੀਂ ਮਹਿੰਗੇ ਬੂਟ ਸਜਾਏ।
ਵਰ੍ਹਦੀ ਵਰਖਾ ਤੱਕ ਕੇ ਆਖੇ
ਰੇਨਕੋਟ ਮੈਨੂੰ ਲੈ ਦੇਵੋ
ਮੈਂ ਸਕੂਲੇ ਪੜ੍ਹਨ ਹੈ ਜਾਣਾ
ਬੱਸ ਚੜ੍ਹਨ ਤੱਕ ਭਿੱਜ ਨਾ ਜਾਵਾਂ।

ਮੈਨੂੰ ਆਪਣਾ ਬਚਪਨ ਚੇਤੇ ਆਵੇ
ਮਾਂ ਦੀ ਮਿੱਠੀ ਯਾਦ ਸਤਾਵੇ,
ਇੱਕ ਰੰਗ ਆਵੇ, ਇੱਕ ਰੰਗ ਜਾਵੇ
ਪੋਤਰਾ ਮੇਰਾ
ਹੋਰ ਪੁਲਾਘਾਂ ਪੁੱਟਦਾ ਜਾਵੇ!!

# ਚਾਨਣ ਦੀ ਮਸਾਲ

ਚਾਨਣ ਦੀ ਮਸਾਲ
ਲੈ ਕੇ ਸਾਰੇ ਚੱਲੀਏ,
ਅਮਨ ਦਾ ਸੰਦੇਸ਼
ਸਭ ਥਾਂਈਂ ਘੱਲੀਏ।

ਪੰਛੀਆਂ ਦੀ ਡਾਰ
ਅੰਬਰਾਂ ਨੂੰ ਗੱਛਦੀ,
ਸਾਗਰਾਂ 'ਚ ਬੇੜੀਆਂ ਨੂੰ
ਉੱਠ ਠੱਲ੍ਹੀਏ।

ਖਿੜ ਰਹੇ ਨੇ ਫੁੱਲ
ਵੱਖੋ ਵੱਖ ਰੰਗਾਂ ਦੇ,
ਸੁਗੰਧੀਆਂ ਦੇ ਨਾਲ
ਬੋਲਾਂ ਨੂੰ ਘਚੱਲੀਏ।

ਨਵੇਂ-ਨਵੇਂ ਸੁਪਨਿਆਂ
ਦੀ ਤਾਂਘ ਵੱਖਰੀ,
ਨਵਾਂ ਯੁੱਗ ਸਿਰਜਣੇ
ਲਈ ਪਿੜ ਮੱਲੀਏ।

ਬੀਤ ਗਈਆਂ ਸਦੀਆਂ
ਤੇ ਰੁੱਤਾਂ ਲੰਘੀਆਂ,
ਜ਼ਬਰ ਅਤੇ ਜ਼ੁਲਮ
ਦੱਸੋ ਕਿਉਂ ਝੱਲੀਏ।

# ਕਿੱਥੇ ਗਏ ਉਹ ਫੁੱਲ ਪਿਆਰੇ

*(ਗੁਜਰਾਤ ਦੇ ਭੂਚਾਲ ਗ੍ਰਸਤ ਬੱਚਿਆਂ ਦੇ ਨਾਂ)*

ਹੁਣੇ ਹੁਣੇ ਸੀ ਮਹਿਕਾਂ ਇਥੇ
ਹੁਣੇ ਹੁਣੇ ਸੀ ਇਥੇ ਮੁਸਕਾਨਾਂ,
ਕਿਥੇ ਗਈਆਂ ਕੋਮਲ ਜਿੰਦਾਂ
ਕੁਦਰਤ ਨੇ ਲੈ ਲਈਆਂ ਜਾਨਾਂ।

ਸੱਜਰਾ ਸੱਜਰਾ ਦਿਨ ਸੀ ਚੜ੍ਹਿਆ
ਗੀਤ ਵਤਨ ਦੇ ਗਾਉਂਦੇ ਬੱਚੇ,
ਹੇਕਾਂ ਲਾਉਂਦੇ, ਖੁਸ਼ੀ ਮਨਾਉਂਦੇ
ਪਲ 'ਚ ਵਿਛੜੇ ਮੋਤੀ ਸੁੱਚੇ।

ਫੁੱਲਾਂ ਵਰਗੇ ਹਸਦੇ ਚਿਹਰੇ
ਸੀ ਧਰਤੀ ਦਾ ਜਸ ਗਾਉਂਦੇ,
ਗੁੰਮ ਗਏ ਉਹ ਬਾਲ ਪਿਆਰੇ
ਗਣ-ਤੰਤਰ ਦਿਵਸ ਮਨਾਉਂਦੇ।

ਨਾ ਉਹਨਾਂ ਕੱਤੇ ਸੁਪਨੇ ਪੂਰੇ
ਨਾ ਉਹ ਰੱਜ-ਰੱਜ ਖੇਡੇ,
ਬੱਚਿਆਂ ਦਾ ਦੁੱਖ ਸਹਿਣਾ ਔਖਾ
ਮਾਪੇ ਖਾਂਦੇ ਫਿਰਦੇ ਠੇਡੇ।

ਕੁਦਰਤ ਕੇਹੀ ਕਰੋਪੀ ਕੀਤੀ
ਸਭ ਕੁਝ ਖੰਡਰ ਹੋਇਆ,
ਮਾਪੇ, ਬੱਚੇ ਚੀਕਾਂ ਮਾਰਨ
ਸੁਣ-ਸੁਣ ਜੱਗ ਹੈ ਰੋਇਆ।

ਸ਼ਾਲਾ! ਇਸ ਧਰਤੀ ਦੇ ਉੱਤੇ
ਮੁੜ ਉੱਗਣ ਫੁੱਲ ਬਹੁ-ਰੰਗੇ,
ਕਿਤੇ ਕਰੋਪੀ ਕਦੇ ਨਾ ਵਰਤੇ
ਮੇਰੀ ਕਲਮ ਦੁਆਵਾਂ ਮੰਗੇ।

# ਪੰਛੀਆਂ ਨਾਲ ਸੁਹੰਦੀ ਧਰਤੀ

ਬਾਗ਼ਾਂ ਦੇ ਵਿੱਚ ਮੋਰ ਕੂਕਦੇ,
ਅੰਬ 'ਤੇ ਕੂਕਣ ਕੋਇਲਾਂ।
ਤਿਲੀਅਰ ਹਾਜ਼ਰੀ ਭਰਦੇ ਰੋਹੀਂ,
ਕਬੂਤਰ ਕਰਨ ਕਲੋਲਾਂ।

ਚਿੜੀਆਂ ਕੋਠੇ ਚੀਂ-ਚੀਂ ਲਾਈ,
ਸ਼ੋਰ ਮਚਾਇਆ ਕਾਂਵਾਂ।
ਬਾਜ਼ ਉਡਾਰੀ ਭਰਦਾ ਆਖੇ,
ਚੁੰਝ ਅੰਬਰਾਂ ਨੂੰ ਲਾਵਾਂ।

ਕੱਤਕ ਕੂੰਜਾਂ ਆਈਆਂ ਚੱਲ ਕੇ,
ਸਰਵਰ ਵਿੱਚ ਮੁਰਗਾਈਆਂ।
ਰੜੇ ਮੈਦਾਨ ਟਟੀਹਰੀ ਗਾਵੇ,
ਇੱਲਾਂ ਉਡਾਰੀਆਂ ਲਾਈਆਂ।

ਤੋਤੇ ਖੇਤੋਂ ਦਾਣੇ ਠੁੰਗਦੇ,
ਬਿਜੜਾ ਉਣੇ ਸਲਾਈਆਂ।
ਘੁੱਗੀ ਸਿਖਰ ਦੁਪਹਿਰੇ ਗੁਟਕੇ,
ਤਿੱਤਰ ਦੇਣ ਗੁਆਹੀਆਂ।

ਬਗਲਾ ਛੱਪੜ ਕੰਢੇ ਖਲੋਤਾ,
ਮੱਛੀਆਂ ਪਾਣ ਦੁਹਾਈਆਂ।
ਪੰਛੀਆਂ ਨਾਲ ਸੁਹੰਦੀ ਧਰਤੀ,
ਚੱਕੀਰਾਹਾ ਦਵੇ ਵਧਾਈਆਂ।

## ਏਕੇ ਦੀ ਤੰਦ

ਇੱਕ ਤੰਦ ਵਿੱਚ ਫੁੱਲ ਪਰੋਈਏ
ਇੱਕ ਤੰਦ ਵਿੱਚ ਮਣਕੇ,
ਇੱਕ ਹੇਕ ਬਣ ਸਾਰੇ ਗਾਈਏ
ਸਾਡੇ ਪੈਰੀਂ ਘੁੰਗਰੂ ਛਣਕੇ।

ਇੱਕ ਅੰਬਰ ਹੈ ਸਾਡਾ ਸਾਂਝਾ
ਇੱਕ ਸਾਂਝੀ ਧਰਤੀ ਮਾਈ,
ਇੱਕ ਸੂਰਜ ਸਾਨੂੰ ਚਾਨਣ ਵੰਡੇ
ਜਿਸ ਦੁਨੀਆ ਕੁੱਲ ਰੁਸ਼ਨਾਈ।

ਇੱਕ ਨੂਰ ਤੋਂ ਜਨਮੇ ਸਾਰੇ
ਇੱਕ ਕੁਦਰਤ ਹੈ ਬਲਿਹਾਰੀ,
ਇੱਕ ਲਹੂ ਦੀ ਰੰਗਤ ਸਾਂਝੀ
ਸਾਂਝੀ ਵਿਰਸੇ ਦੀ ਫੁਲਕਾਰੀ।

ਇੱਕੋ ਤਿੱਥ-ਤਿਉਹਾਰ ਅਸਾਡੇ
ਸਾਡੇ ਰਿਸ਼ਤੇ ਨਾਤੇ ਸਾਂਝੇ,
ਵਾਰਿਸ ਗਾਈਏ, ਨਾਨਕ ਜਪੀਏ
ਸਾਡੇ ਸਾਂਝੇ ਹੀਰਾਂ-ਰਾਂਝੇ।

ਇੱਕ ਤੰਦ ਵਿੱਚ 'ਕੱਠੇ ਹੋ ਕੇ
ਰਲ-ਮਿਲ ਸਿੱਖੀਏ ਰਹਿਣਾ,
ਏਕੇ ਦਾ ਰੰਗ ਗੂੜ੍ਹਾ ਪੱਕਾ
ਪੱਕਾ ਰੰਗ ਕੀ ਲਹਿਣਾ।

# ਸੁੰਦਰ ਸੰਸਾਰ ਬਣਾਈਏ

ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।
ਰੱਜਵਾਂ ਸਾਨੂੰ ਪਿਆਰ ਮਿਲੇ,
ਘਰ ਦਾ ਨਿੱਘ ਅਪਾਰ ਮਿਲੇ,
ਖ਼ੁਸ਼ੀਆਂ ਦਾ ਸੰਸਾਰ ਮਿਲੇ।
ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।
ਮਿੱਠੇ-ਮਿੱਠੇ ਗਾਈਏ ਗੀਤ,
ਨੱਚੀਏ, ਟੱਪੀਏ ਨਾਲ ਸੰਗੀਤ,
ਹੋਵੇ ਅਮਨਾਂ ਨਾਲ ਪ੍ਰੀਤ।
ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।
ਵਿੱਦਿਆ ਹਾਸਲ ਕਰੀਏ ਸਾਰੇ,
ਮਨ ਤੋਂ ਤਕੜੇ, ਤਨ ਤੋਂ ਪਿਆਰੇ,
ਹੱਕ ਨਿਆਂ ਦੇ ਸਾਡੇ ਨਾਅਰੇ।
ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।
ਅਸੀਂ ਹਾਂ ਰੰਗ-ਬਰੰਗੇ ਫੁੱਲ,
ਸਾਡੇ ਸੁਪਨੇ ਲੋੜਨ ਖੁੱਲ੍ਹ,
ਕਿਹੜਾ ਬਚਪਨ ਦੇ ਹੈ ਤੁੱਲ।
ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।

# ਫੁੱਲਾਂ ਵਾਂਗੂੰ ਹੱਸੀਏ

ਆਓ ਨੀ ਕੁੜੀਓ
ਉਡੋ ਨੀਂ ਚਿੜੀਓ
ਸੂਰਜ ਚੜ੍ਹਿਆ ਲਾਲ
ਸੋਨ ਸੁਨਹਿਰੀ ਕਿਰਨਾਂ ਵੰਡੇ
ਜਿਉਂ ਸੋਨੇ ਦਾ ਥਾਲ।

ਆਓ ਨੀਂ ਕੁੜੀਓ
ਸੁਣੋਂ ਨੀਂ ਚਿੜੀਓ
ਉਡੀਏ ਬੱਦਲਾਂ ਨਾਲ
ਗਿੱਧਾ ਪਾਈਏ, ਹੇਕਾਂ ਲਾਈਏ
ਘੁੰਗਰੂ ਦੇਵਣ ਤਾਲ।

ਆਓ ਨੀਂ ਕੁੜੀਓ
ਉਡੋ ਨੀਂ ਚਿੜੀਓ
ਵਗੀਏ ਪੌਣਾਂ ਸੰਗ
ਮਾਰ ਉਡਾਰੀ ਉੱਚੇ ਉੱਡੀਏ
ਅੰਬਰ ਜਾਈਏ ਲੰਘ।

ਆਓ ਨੀ ਕੁੜੀਓ
ਬਹਿ ਜੋ ਚਿੜੀਓ
ਨੈਣੀਂ ਸੁਪਨੇ ਲਈਏ
ਮਿੱਠੜੇ-ਮਿੱਠੜੇ ਬੋਲਾਂ ਤਾਈਂ
ਗੱਲ ਸੱਚੜੀ ਕਹੀਏ।

ਆਓ ਨੀ ਕੁੜੀਓ
ਸੁਣੋ ਨੀਂ ਚਿੜੀਓ
ਮਿੱਟੀ ਬੀਜੀਏ ਦਾਣੇ
ਧਰਤੀ ਉਪਜੇ ਭੁੱਖ ਮਿਟੇਗੀ
ਕਹਿੰਦੇ ਲੋਕ ਸਿਆਣੇ।

ਆਓ ਨੀਂ ਕੁੜੀਓ
ਸੁਣੋ ਨੀਂ ਚਿੜੀਓ
ਫੁੱਲਾਂ ਵਾਂਗੂੰ ਹੱਸੀਏ
ਮਹਿਕਾਂ ਵੰਡੀਏ ਚਾਰ ਚੁਫੇਰੇ
ਲੋਕ-ਦਿਲਾਂ ਵਿੱਚ ਵੱਸੀਏ।

# ਬੱਦਲ ਚੰਗੇ ਲਗਦੇ

ਸਾਉਣ ਮਹੀਨੇ ਉੱਡਦੇ ਫਿਰਦੇ
ਮੈਨੂੰ ਬੱਦਲ ਚੰਗੇ ਲਗਦੇ,
ਵਿੱਚ ਅੰਬਰਾਂ ਦੇ ਏਦਾਂ ਜਾਪਣ
ਜਿਉਂ ਘੋੜੇ, ਹਾਥੀ ਭੱਜਦੇ।

ਕਦੇ ਕਦੇ ਇਹ ਬੱਦਲ ਚਿੱਟੇ
ਰੂੰ ਦੀਆਂ ਪੰਡਾਂ ਦਿਸਣ,
ਤੱਕਦਿਆਂ-ਤੱਕਦਿਆਂ ਨਜ਼ਰਾਂ ਅੱਗੋਂ
ਝਾਈਂ-ਮਾਈਂ ਹੋ ਖਿਸਕਣ।

ਕਦੇ-ਕਦੇ ਇਹ ਬੱਦਲ ਕਾਲੇ
ਰੇਲ-ਗੱਡੀ ਦੇ ਇੰਜਣ ਲੱਗਣ,
ਅੱਗੜ-ਪਿੱਛੜ ਡੱਬਿਆਂ ਵਾਂਗੂੰ
ਪਾਣੀ ਡੋਲ੍ਹ ਕੇ ਭੱਜਣ।

ਕਦੇ-ਕਦੇ ਇਹ ਬਲਦਾਂ ਵਾਂਗੂੰ
ਚਾਲ ਮਸਤੀ ਦੀ ਤੁਰਦੇ,
ਪਾਣੀ ਵਿੱਚ ਪਤਾਸਿਆਂ ਵਾਂਗੂੰ
ਔਹ ਦੇਖੋ ਝੱਟ ਖੁਰਗੇ।

ਕਦੇ-ਕਦੇ ਕੋਈ ਤਿੱਤਰ-ਖੰਭਾ
ਬੱਦਲ ਥੱਕਿਆ-ਥੱਕਿਆ ਲਗਦਾ,
ਪਾਣੀ ਬਾਝੋਂ ਖਾਲਮ-ਖਾਲੀ
ਹੌਲੀ ਹੌਲੀ ਭੱਜਦਾ।

ਕਦੇ-ਕਦੇ ਕੋਈ ਬੱਦਲ ਭਾਰੀ
ਪਰਬਤ ਤੁਰਦਾ ਜਾਪੇ,
ਵਾਹ, ਬੱਦਲਾਂ ਦੀ ਚਾਲ ਨਿਰਾਲੀ
ਰੰਗ ਬਦਲਦੇ ਆਪੇ!!

## ਚਾਨਣ ਦੀ ਕਲਮ

ਸੂਰਜਾ ਸੂਰਜਾ ਧੁੱਪ ਚੜ੍ਹਾ,
ਚਾਨਣ ਦੀ ਤੂੰ ਕਲਮ ਫੜਾ।

ਜਾਗ ਉੱਠੀ ਹੈ ਕੁਦਰਤ ਸਾਰੀ,
ਸਵੇਰ ਚੜ੍ਹੀ ਹੈ ਪਿਆਰੀ ਪਿਆਰੀ।
ਪਹੁ-ਫੁਟਾਲਾ ਹੋਇਆ ਤੱਕ ਕੇ
ਗਿਆ ਹਨੇਰਾ ਅੱਖ ਬਚਾਅ,
ਸੂਰਜਾ ਸੂਰਜਾ ਧੁੱਪ ਚੜ੍ਹਾ
ਚਾਨਣ ਦੀ ਤੂੰ ਕਲਮ ਫੜਾ।

ਸਾਂਝਾ ਅੰਬਰ ਉੱਤੇ ਹੱਸੇ
ਧਰਤੀ ਥੱਲੇ ਜੁਗ ਜੁਗ ਵੱਸੇ,
ਕਿਰਨਾਂ ਦੀ ਛਤਰੀ ਨੂੰ ਲੈ ਕੇ
ਸਾਡੇ ਮਨ ਨੂੰ ਚੜ੍ਹਿਆ ਚਾਅ

ਸੂਰਜਾ ਸੂਰਜਾ ਧੁੱਪ ਚੜ੍ਹਾ
ਚਾਨਣ ਦੀ ਤੂੰ ਕਲਮ ਫੜਾ।

ਕਰੇ ਤਰੱਕੀ ਦੇਸ ਪਿਆਰਾ
ਵਿਗਸੇ ਸਾਡਾ ਭਾਈਚਾਰਾ,
ਤੈਥੋਂ ਚਾਨਣ ਲੈ ਕੇ ਹੱਸਣ
ਝੀਲਾਂ, ਪਰਬਤ ਤੇ ਦਰਿਆ,
ਸੂਰਜਾ ਸੂਰਜਾ ਧੁੱਪ ਚੜ੍ਹਾ,
ਚਾਨਣ ਦੀ ਤੂੰ ਕਲਮ ਫੜਾ।

# ਕੁਦਰਤ ਦੀ ਸੁੰਦਰਤਾ

ਵਗਦੀ ਏ ਪੌਣ
ਤਾਂ ਹੱਸਦੀਆਂ ਨੇ ਟਾਹਣੀਆਂ
ਤੇ ਪੱਤਰਾਂ ਨੂੰ ਚੜ੍ਹਦਾ ਏ ਚਾਅ
ਬਿਰਖ਼ਾਂ 'ਤੇ ਇੰਜ ਆਉਂਦੀਆਂ ਜੁਆਨੀਆਂ।

ਫੁੱਲਾਂ ਉੱਤੇ
ਜੋਬਨੇ ਦੀ ਰੁੱਤ ਅੰਗੜਾਈ ਲਵੇ
ਸੱਜ-ਧੱਜ ਨਿਖਰਨ ਕਿਆਰੀਆਂ।

ਸੋਨੇ ਰੰਗੀ ਧੁੱਪ ਹੱਸੇ
ਸੂਰਜੇ ਤੋਂ ਬੁੱਕਾਂ ਭਰ,
ਦਿਨ ਦਾ ਸਜੀਲਾ ਜੁੱਸਾ
ਕੰਮਾਂ ਨੂੰ ਨਜਿੱਠਣ ਲਈ
ਗੁੱਝਾ-ਗੁੱਝਾ ਕਰਦਾ ਤਿਆਰੀਆਂ।

ਮਿੱਟੀ 'ਚੋਂ ਸੁਗੰਧੀ ਜਾਗੇ
ਫ਼ਸਲਾਂ ਦੇ ਦਾਣਿਆਂ 'ਚ
ਵੇਖੋ ਕਿੰਝ ਹੱਸਦੀਆਂ
ਮਿਹਨਤਾਂ ਪਿਆਰੀਆਂ।

ਪਾਣੀ ਦੇ ਸਰੋਵਰਾਂ 'ਚ
ਕਾਦਰ ਦੀ ਲੀਲ੍ਹਾ ਨਿਆਰੀ,
ਤਰੰਗਾਂ ਤੇ ਉਮੰਗਾਂ ਸੰਗ
ਲਾਉਂਦੀਆਂ ਮੁਰਗ਼ਾਬੀਆਂ ਤਾਰੀਆਂ।

ਬੱਦਲਾਂ ਦੇ ਪੱਲਿਆਂ ਨੂੰ
ਕਿਰਨਾਂ ਦਾ ਗੋਟਾ ਸੁੱਚਾ
ਅੰਬਰ ਦੀ ਫੁਲਕਾਰੀ ਉੱਤੇ
ਹੁੱਨਰ ਦੇ ਕਰਤਾਰੀ ਹੱਥਾਂ
ਕਿੰਨੀਆਂ ਰੰਗੀਨ ਲੀਕਾਂ ਮਾਰੀਆਂ!!

# ਹਨੇਰੀ

ਹਨੇਰੀ ਆਈ, ਹਨੇਰੀ ਆਈ,
ਮਿੱਟੀ-ਘੱਟਾ ਨਾਲ ਲਿਆਈ।

ਕਿਰਕਲ ਕਿਰਕਲ ਹੋ ਗਈ ਸਾਰੇ,
ਉੱਖੜ ਗਏ ਕਈ ਰੁੱਖ ਵੀ ਭਾਰੇ।

ਬਿਰਖ਼ਾਂ ਦੇ ਪੱਤਰ ਨੇ ਝੜ ਗਏ,
ਰਾਹੀ ਤੁਰਦੇ ਵੀ ਕਈ ਖੜ੍ਹਗੇ।

ਝੱਖੜ ਝਾਂਬੇ ਤੋਂ ਡਰ ਲੱਗੇ,
ਬੱਚੇ ਆਉਣ ਘਰਾਂ ਨੂੰ ਭੱਜੇ।

ਧੂੜ ਦੇ ਕਣ ਅੰਬਰ 'ਤੇ ਛਾਏ
ਪੰਛੀ ਆਲ੍ਹਣਿਆਂ ਵਿੱਚ ਆਏ।

ਕਈ ਰੁੱਖਾਂ ਦੇ ਟੁੱਟ ਗਏ ਟਹਿਣ,
ਫ਼ਲ ਵੀ ਝੜ ਗਏ ਲੋਕੀਂ ਕਹਿਣ।

ਲੋਕਾਂ ਘਰਾਂ ਦੇ ਬੂਹੇ ਢੋਏ,
ਧੂੜ ਦੇ ਬੱਦਲ ਭਾਰੀ ਹੋਏ।

ਲੰਘੀ ਹਨੇਰੀ, ਸ਼ੁਕਰ ਮਨਾਇਆ,
ਸਭ ਨੂੰ ਸੁੱਖ ਦਾ ਸਾਹ ਹੈ ਆਇਆ।

ਬਦਲਿਆ ਮੌਸਮ ਹੋਇਆ ਉਜਾਲਾ,
ਚੰਗਾ ਲੱਗੇ ਮੁੜ ਆਲਾ-ਦੁਆਲਾ।

ਹਨੇਰੀ ਤੋਂ ਜਿਹੜੇ ਨਾ ਡਰਦੇ,
ਉਹੀਓ ਜਿੱਤ ਨੂੰ ਹਾਸਲ ਕਰਦੇ।

# ਵਰਖਾ ਨੂੰ ਜੀ ਆਇਆਂ

ਆਓ ਵੇ ਬੱਦਲੋ, ਪਿਆਰੇ ਬੱਦਲੋ,
ਛਾ ਜਾਓ ਰਲ ਅੰਬਰ ਉੱਤੇ,
ਅਸੀਂ ਧਰਤੀ ਦੇ ਬਾਲ ਨਿਆਣੇ
ਸਾਡੇ ਰੁੱਖ, ਬੂਟੇ ਨੇ ਸੁੱਕੇ।

ਸਾਨੂੰ ਗਰਮੀ ਬੜੀ ਹੈ ਲਗਦੀ,
ਲੂਆਂ ਵਗਣ, ਤ੍ਰੇਹਾਂ ਲੱਗਣ।
ਸਾਡੇ ਨੰਗੇ ਪੈਰ ਨੇ ਸੜਦੇ,
ਗਰਮ-ਤੱਤੀਆਂ ਪੌਣਾਂ ਵੱਗਣ।

ਗੱਲ ਸੁਣ, ਬੱਦਲ ਗੂੜ੍ਹੇ ਹੋਏ,
ਰਿਮ-ਝਿਮ ਵਰਖਾ ਹੋਵੇਗੀ।
ਕਣੀਆਂ ਦੀ ਫ਼ੁਆਰ ਠੰਢੜੀ,
ਸਭ ਦੇ ਪਿੰਡੇ ਧੋਵੇਗੀ।

ਰੁੱਖ-ਬੂਟੇ ਤੇ ਜੀਵ ਪਿਆਰੇ,
ਪੰਛੀ ਖ਼ੁਸ਼ੀ ਮਨਾਵਣਗੇ।
ਅਸੀਂ ਵੀ ਨੰਗੇ ਪਿੰਡੇ ਕਰ ਕੇ,
ਵਰਖਾ ਦੇ ਵਿੱਚ ਨਹਾਂਵਾਂਗੇ।

ਛਮ-ਛਮ ਵਰ੍ਹਦੀ ਵਰਖਾ ਸਾਨੂੰ,
ਬਹੁਤ ਪਿਆਰੀ ਲਗਦੀ ਹੈ।
ਵਰਖਾ ਰੁੱਤੇ ਅੰਬਰ ਉੱਤੇ,
ਪੀਂਘ ਸਤਰੰਗੀ ਸਜਦੀ ਹੈ।

ਵਰਖਾ ਤੈਨੂੰ ਜੀ ਆਇਆਂ ਨੂੰ,
ਫ਼ਸਲਾਂ 'ਤੇ ਰੌਣਕ ਆਈ ਏ।
ਪਸ਼ੂ, ਪੰਛੀ ਤੇ ਜੀਵ-ਜੰਤ ਨੇ,
ਰੱਜ ਕੇ ਖ਼ੁਸ਼ੀ ਮਨਾਈ ਏ।

ਰੱਬਾ-ਰੱਬਾ ਮੀਂਹ ਵਸਾ ਦੇ,
ਸਾਰੇ ਰਲ-ਮਿਲ ਗਾਵਾਂਗੇ।
ਲੈ ਕੇ ਛਤਰੀਆਂ ਰੰਗ-ਬਰੰਗੀਆਂ,
ਪੜ੍ਹਨ ਸਕੂਲੇ ਜਾਵਾਂਗੇ।

# ਕਣਕ ਦੀ ਗਹਾਈ

ਚਲਦੀ ਡਰੰਮੀ ਖੇਤਾਂ ਵਿੱਚ ਜੱਟ ਦੀ,
ਦਿਨੇ ਰਾਤ ਗੂੰਜੇ ਪਈ ਧੂੜਾਂ ਪੱਟਦੀ।

ਬੀਤਿਆ ਏ ਸਮਾਂ, ਫਲ੍ਹੇ ਨੂੰ ਚਲਾਉਣ ਦਾ,
ਤੰਗਲੀ ਦੇ ਨਾਲ ਧੜਾਂ ਨੂੰ ਉਡਾਣ ਦਾ।

ਰੁੱਤ ਹੈ ਥਰੈਸ਼ਰਾਂ ਦੀ ਹਾੜੀ ਚੱਕ ਲੋ,
ਵਿਸਾਖ ਦਾ ਮਹੀਨਾ ਘੂਰਦਾ ਹੈ ਤੱਕ ਲੋ।

ਸਿਖਰ ਦੁਪਹਿਰਾ ਉਤੋਂ ਵਾਵਾਂ ਤੱਤੀਆਂ,
ਭਰੀਆਂ ਦੇ ਨਾਲ ਭਰੀਆਂ ਨੇ ਖੱਤੀਆਂ।

ਫਟਾ-ਫਟ ਰੁੱਗ ਗੱਭਰੂ ਲਗਾਂਵਦੇ,
ਚੁੱਕ-ਚੁੱਕ ਨੇੜੇ ਭਰੀਆਂ ਲਿਆਂਵਦੇ।

ਪਲਾਂ ਵਿੱਚ ਤੂੜੀ ਦਾ ਅੰਬਾਰ ਲੱਗਿਆ,
ਸਾਂਭਣੇ ਨੂੰ ਦਾਣੇ ਜੱਟ ਫਿਰੇ ਭੱਜਿਆ।

ਬੋਰੀਆਂ 'ਚ ਕਣਕਾਂ ਦਾ ਬੋਹਲ ਚੁੱਕਿਆ,
ਮਹੀਨਿਆਂ ਦਾ ਕੰਮ ਦਿਨਾਂ ਵਿੱਚ ਮੁੱਕਿਆ।

ਲਹੂ ਤੇ ਪਸੀਨੇ ਦੀ ਕਮਾਈ ਕਰਦਾ,
ਪਿੰਡੇ 'ਤੇ ਕਿਸਾਨ ਤੱਤਾ-ਠੰਢਾ ਜਰਦਾ।

ਦਾਣਿਆਂ ਦਾ ਦੇਵਤਾ ਭੰਡਾਰੇ ਭਰਦਾ,
ਤਦੇ ਯਾਰੋ ਦੇਸ ਹੈ ਤਰੱਕੀ ਕਰਦਾ।

ਕਣਕ ਦੀ ਟਰਾਲੀ ਭਰ ਮੰਡੀ ਚੱਲੀਏ,
ਮੋੜੀਏ ਤਕਾਵੀ, ਸੌਦੇ ਲਿਆਈਏ ਬੱਲੀਏ।

# ਲੁਹਾਰ ਦੀ ਭੱਠੀ

ਲੁਹਾਰ ਦੀ ਭੱਠੀ
ਤਪਦੀ ਪਈ
ਲਾਲ ਸੁਰਖ਼ ਕੋਲੇ
ਦਗ਼ ਦਗ਼ ਕਰਦੇ,
ਅੱਗ ਦਾ ਸੇਕ
ਪੂਰੇ ਤਾਅ 'ਤੇ
ਲੁਹਾਰ ਸੰਨ੍ਹੀ ਨਾਲ
ਲੋਹੇ ਦਾ ਟੁਕੜਾ
ਭੱਠੀ 'ਚ ਰਖਦਾ।
ਕੁਝ ਪਲ ਪਿੱਛੋਂ
ਉਹੀ ਟੁਕੜਾ
ਅੱਗ ਵਰਗਾ
ਲਾਲ ਸੂਹਾ
ਭੱਠੀ 'ਚੋਂ ਚੁੱਕ
ਮੱਥੇ ਦਾ ਪਸੀਨਾ
ਪੂੰਝਣ ਲੱਗਦਾ।
ਘਣ ਚੁੱਕੀ ਕਾਮਾ
ਆਪਣੇ ਡੌਲੇ ਪਰਖਦਾ
ਤੇ ਲੁਹਾਰ ਦੇ ਇਸ਼ਾਰੇ 'ਤੇ
ਘਣ ਨਾਲ ਟੁਕੜੇ ਉੱਤੇ
ਸੱਟਾਂ ਲਾਉਣ ਲੱਗਦਾ,
ਲੋਹੇ 'ਤੇ ਲੋਹਾ ਖੜਕਦਾ
ਠਾਹ-ਠਾਹ, ਛੰਨ-ਛੰਨ
ਚੁਫ਼ੇਰੇ ਆਵਾਜ਼ ਗੂੰਜਦੀ
ਸੂਰਜ ਦੇ ਹਾਸੇ ਵਾਂਗ
ਲੋਹੇ 'ਚੋਂ ਅੱਗ ਤਿੜਕਦੀ।
ਲੁਹਾਰ ਦਾ ਹੁੱਨਰ
ਲੋਹੇ ਨਾਲ ਲੋਹਾ ਹੁੰਦਾ
ਅੱਗ ਨਾਲ ਖੇਡਦਾ
ਸਮੇਂ ਦੀ ਮੰਗ 'ਤੇ
ਲਾਲ ਸੁਰਖ ਲੋਹਾ
ਵੱਖੋ ਵੱਖਰੇ ਰੂਪ ਧਾਰਦਾ।
ਕਦੇ ਕੁਹਾੜੀ, ਕਦੇ ਰੰਦਾ।
ਕਦੇ ਬਰਛੀ, ਕਦੇ ਨੇਜ਼ਾ।
ਜਾਂ ਕਿਰਤੀ ਦਾ
ਕੋਈ ਹੋਰ ਸੰਦ
ਕਦੇ ਕੁਝ, ਕਦੇ ਕੁਝ
ਲੋਹਾ ਰੂਪ ਧਾਰਦਾ।

# ਮੌਨਸੂਨ ਪੌਣਾਂ

ਵਾਹਵਾ, ਮੌਨਸੂਨ ਨੇ ਆਂਈਆਂ,
ਠੰਢੀਆਂ ਪੌਣਾਂ ਨਾਲ ਲਿਆਈਆਂ।

ਹਿੰਦ-ਮਹਾਂ ਸਾਗਰ ਘਰ ਇਹਨਾਂ ਦਾ
ਸਾਂਝ ਇਹਨਾਂ ਦੀ ਸੂਰਜ ਨਾਲ,
ਭਾਰਤ ਨਾਲ ਹੈ ਡੂੰਘਾ ਰਿਸ਼ਤਾ
ਵੱਸ ਕੇ ਕਰਦੀਆਂ ਮਾਲਾ-ਮਾਲ।

ਸੁੱਕੇ ਥਲਾਂ ਨੂੰ ਸਿੰਜਣ ਖਾਤਰ
ਕਿਣ-ਮਿਣ ਕਰਕੇ ਛਹਿਬਰ ਲਾਵਣ,
ਰੁੱਖ, ਬੂਟੇ, ਫੁੱਲ, ਬੇਲਾਂ, ਫ਼ਸਲਾਂ
ਆਪਣੀ-ਆਪਣੀ ਤ੍ਰੇਹ ਬੁਝਾਵਣ।

ਇੱਕ ਪੂਰ ਚੱਲ ਖਾੜੀ ਬੰਗਾਲੋਂ
ਹਿਮਾਲਾ ਦੇ ਸੰਗ ਦੋਸਤੀ ਪਾਵੇ।
ਇੱਕ ਪੂਰ ਤੁਰ ਅਰਬ ਸਾਗਰੋਂ
ਅਰਾਵਲੀ ਦੇ ਸੰਗ ਦਿਲ ਪਰਚਾਵੇ।

ਬੰਨ੍ਹ ਟੋਲੀਆਂ ਬੱਦਲਾਂ ਦੇ ਵਿਹੜੇ
ਕੱਠੀਆਂ ਹੋ ਕੇ ਘੁਲ-ਮਿਲ ਜਾਵਣ,
ਮਸਤੀ ਦੇ ਨਾਲ ਝੂਮ-ਝੂਮ ਕੇ
ਅੰਬਰਾਂ ਦੇ ਵਿੱਚ ਤਾਰੀਆਂ ਲਾਵਣ।

ਪੂਰਾ ਸਾਲ ਉਡੀਕ 'ਚ ਲੰਘੇ
ਇਹਨਾਂ ਪੌਣਾਂ ਦੀ ਆਮਦ ਖਾਤਰ,
ਹਰ ਕੋਈ ਕਰੇ ਉਡੀਕ ਇਹਨਾਂ ਦੀ
ਘਰ ਆਵੇ ਜਿਵੇਂ ਪਿਆਰਾ ਪਾਤਰ।

ਦੇਸ ਪੰਜਾਬ ਜਦੋਂ ਇਹ ਆਵਣ
ਸਭ ਦੇ ਮਨਾਂ ਨੂੰ ਚਾਅ ਚੜ੍ਹਾਵਣ,
ਬੱਚੇ, ਬੁੱਢੇ, ਗੱਭਰੂ, ਨੱਢੀਆਂ
ਕਿਰਤੀ, ਕਾਮੇ ਸਭ ਖ਼ੁਸ਼ੀ ਮਨਾਵਣ।

ਖੇਤਾਂ ਦੀ ਹਰਿਆਲੀ ਖ਼ਾਤਰ
ਬਣ ਬਦਲੋਟੀਆਂ ਭਾਗ ਜਗਾਵਣ
ਰੱਬਾ-ਰੱਬਾ ਮੀਂਹ ਵਰਸਾਅ
ਕੁੜੀਆਂ ਪਿਪਲੀਂ ਪੀਂਘਾਂ ਪਾਵਣ।

ਪੌਣੋਂ ਨੀਂ ਕੋਈ ਦਿਓ ਸੁਨੇਹੜਾ
ਮੋਰੀ ਰੁਣ-ਝੁਣ, ਪੰਛੀ-ਗਾਵਣ,
ਸਾਉਣ ਮਹੀਨੇ ਛਮ-ਛਮ ਕਰ ਕੇ
ਸ਼ਾਲਾ! ਸਭ ਦੇ ਦਿਲ ਨੂੰ ਭਾਵਣ।

# ਪਾਣੀ ਵਿੱਚ ਪਤਾਸਾ

ਮੰਮੀ, ਮੰਮੀ
ਤੂੰ ਹੈਂ ਬੜੀ ਪਿਆਰੀ
ਤ੍ਰੇਹ ਲੱਗੀ ਹੈ
ਮੇਰੀ ਗਲਾਸੀ ਪਾ ਦੇ ਪਾਣੀ।

ਮਾਂ ਨੇ ਸੁੱਚੇ ਘੜੇ 'ਚੋਂ ਪਾਣੀ
ਵਿੱਚ ਗਲਾਸੀ ਡੁਲਣੋ ਪਾਇਆ।

ਭਰੀ ਗਲਾਸੀ ਤੱਕ ਕੇ
ਬੱਚਾ ਖਿਲ-ਖਿਲ
ਚਾਂਗਰ ਮਾਰ ਕੇ ਹੱਸਿਆ।

ਮੰਮੀ, ਫਿੱਕਾ ਪਾਣੀ
ਮਿੱਠਾ ਕਰ ਦੇ
ਮਿੱਠਾ ਮੈਨੂੰ ਚੰਗਾ ਲੱਗੇ
ਮਾਂ ਨੂੰ ਅੱਗੋਂ ਹੁਕਮ ਸੁਣਾਇਆ।

ਮਾਂ ਨੇ ਇੱਕ ਪਤਾਸਾ ਲੈ ਕੇ
ਵਿੱਚ ਗਲਾਸੀ ਘੋਲ ਘੁਮਾਇਆ
ਪਾਣੀ ਮਿੱਠਾ-ਮਿੱਠਾ ਹੋਇਆ।

ਬਾਲ ਇਆਣੇ ਸਭ ਕੁਝ ਤੱਕਿਆ
ਮਿੱਠੀ-ਮਿੱਠੀ ਹਾਸੀ ਹੱਸਿਆ,
ਬਾਲ ਨੇ ਐਪਰ
ਪਾਣੀ ਦਾ ਪਰ ਘੁੱਟ ਨਾ ਪੀਤਾ।

ਮਾਂ ਨੇ ਆਖਿਆ
ਪੁੱਤਰ, ਪਾਣੀ ਪੀ ਲੈ
ਮਿੱਠਾ ਹੋਇਆ।
ਮੰਮੀ, ਤੈਨੂੰ ਤੱਕ ਕੇ
ਤ੍ਰੇਹ ਬੁਝੀ ਹੈ
ਰੱਜ ਹੈ ਆਇਆ।

ਮੰਮੀ, ਮੰਮੀ
ਮੈਨੂੰ ਉਹੀ ਪਤਾਸਾ ਦੇ ਦੇ
ਘੋਲਿਆ ਵਿੱਚ ਗਲਾਸੀ ਜਿਹੜਾ।

ਮਾਂ, ਖੀਵੀ ਕੀ ਉੱਤਰ ਦੇਵੇ
ਸਮਝ ਨਾ ਆਵੇ ?
ਕਿੰਝ ਪਤਾਸਾ ਪਾਣੀ ਘੁਲਿਆ
ਤਲੀ ਟਿਕਾਵੇ,
ਸੋਚਾਂ ਸੋਚੇ।

ਮਾਂ ਨੇ ਆਖ਼ਿਰ-
ਪਿਆਰ ਦਾ ਮਿੱਠਾ ਚੁੰਮਣ ਦੇ ਕੇ
ਬੱਚੇ ਦਾ ਮੁੜ ਦਿਲ ਪਰਚਾਇਆ
ਮਨ ਬਹਿਲਾਇਆ।

# ਕਣਕਾਂ ਦਾ ਗੀਤ

ਕਣਕਾਂ ਬੀਜੀਆਂ
ਮਿਹਨਤਾਂ ਕਰ ਕੇ
ਧਰਤੀ ਦੇ ਪੁੱਤਰਾਂ ਨੇ
ਬੱਲੇ ਬੇਲੀਆ।

ਕਣਕਾਂ ਜੰਮੀਆਂ,
ਤੇ ਹੋਈਆਂ ਲੰਮੀਆਂ,
ਖੇਤਾਂ 'ਚ ਬਹਾਰ ਆ ਗਈ
ਬੱਲੇ ਬੇਲੀਆ।

ਪੁੱਤ ਸੂਰਮੇ,
ਮਨਾਉਂਦੇ ਖ਼ੁਸ਼ੀਆਂ
ਦੇਸ਼ ਦੇ ਭੰਡਾਰ ਭਰ ਕੇ
ਬੱਲੇ ਬੇਲੀਆ।

ਨੰਗ ਭੁੱਖ ਨੂੰ
ਭਜਾਉਣਾ ਦੇਸੋਂ
ਮਿਹਨਤਾਂ ਦੇ ਸਿੱਟਿਆਂ ਨੇ
ਬੱਲੇ ਬੇਲੀਆ।

ਤੱਕ ਬੱਲੀਆਂ
ਤੇ ਗੁੰਦਵੇਂ ਦਾਣੇ
ਖ਼ੁਸ਼ੀਆਂ ਦਾ ਚਾਅ ਚੜ੍ਹਿਆ
ਬੱਲੇ ਬੇਲੀਆ।

ਪਾਈਏ ਭੰਗੜਾ
ਮਿਹਨਤਾਂ ਫ਼ਲੀਆਂ,
ਕਿਰਤੀ ਕਿਸਾਨ ਨੱਚਦੇ
ਬੱਲੇ ਬੇਲੀਆ।

ਸੁਹਣੇ ਗੱਭਰੂ
ਬਾਂਕੀਆਂ ਨੱਢੀਆਂ
ਦੇਸ਼ ਹੈ ਪੰਜਾਬ ਰੰਗਲਾ,
ਬੱਲੇ ਬੇਲੀਆ
ਬੱਲੇ ਬੇਲੀਆ।

# ਦੀਵੇ ਤੋਂ ਦੀਵਾ ਜਗਦਾ

ਦੀਵਾ ਜਦੋਂ ਹੈ ਬਲਦਾ
ਹਨੇਰਾ ਦੂਰ ਹੁੰਦਾ
ਤੇ ਚਾਨਣ ਚੁਫ਼ੇਰੇ ਖਿੰਡਦਾ।

ਇੱਕ ਚੇਤਨਾ ਦਾ ਦੀਵਾ
ਅਧਿਆਪਕ ਬਾਲਦਾ ਹੈ
ਕੋਮਲ, ਮਾਸੂਮ ਜਿੰਦੜੀ
ਬੱਚੇ ਦੀ ਰੌਸ਼ਨ ਹੁੰਦੀ
ਜਗਦਾ ਹਰੇਕ ਵਿਹੜਾ
ਚਾਨਣ ਨੂੰ ਜਾਗ ਆਉਂਦੀ।

ਇੱਕ ਅੱਖਰਾਂ ਦਾ ਦੀਵਾ
ਜਦ ਖ਼ਿਆਲਾਂ ਨੂੰ ਫੜ ਉਲੀਕੇ
ਚੇਤੇ 'ਚ ਚਿੱਤਰ ਬਣਦੇ
ਰੰਗਾਂ 'ਚ ਹੋਣੀ ਢਲਦੀ
ਤੇ ਸੱਭਿਅਤਾ ਸੁਰਜੀਤ ਹੁੰਦੀ।

ਇੱਕ ਦੀਵਾ ਗਿਆਨ ਵਾਲਾ
ਮੱਥੇ 'ਚ ਜਦ ਹੈ ਬਲਦਾ
ਧਰਤੀ 'ਤੇ ਅੰਬਰ ਗਾਹੁੰਦਾ
ਬਣ ਕੇ ਪੁਲਾੜ ਪਾਂਧੀ
ਚੰਨ 'ਤੇ ਹੈ ਝਾਤ ਪਾਉਂਦਾ।

ਇੱਕ ਨੇਕੀ ਦਾ ਦੀਵਾ ਸੁੱਚਾ
ਮਨੁੱਖਤਾ ਦਾ ਪਿਆਰ ਲੋਚੇ
ਤੇ ਕਿਰਨਾਂ ਦੀ ਕਲਮ ਫੜ ਕੇ
ਵਹਿਮਾਂ ਦੇ ਬੰਨ੍ਹ ਤੋੜੇ।

ਕਿਰਤੀ ਦੀ ਰੱਤ ਦਾ ਦੀਵਾ
ਹੱਕ-ਸੱਚ ਲਈ ਹੈ ਬਲਦਾ,
ਤੇ ਤਵਾਰੀਖ਼ ਨੂੰ ਬਦਲ ਕੇ
ਕੌਮਾਂ ਦੀ ਕਿਸਮਤ ਘੜਦਾ।

ਇਸ ਦੀਵੇ ਦੀ ਲਾਟ ਸ਼ਕਤੀ
ਰੁਤਬੇ ਪ੍ਰਦਾਨ ਕਰਦੀ,
ਦੁਨੀਆਂ 'ਚ ਨਾਮ ਹੁੰਦਾ
ਤੇ ਲੋਕਾਈ ਜੱਸ ਗਾਉਂਦੀ।

ਦੀਵੇ ਤੋਂ ਦੀਵਾ ਜਗਦਾ
ਕਹਿੰਦੇ ਨੇ ਸੱਚ ਸਿਆਣੇ
ਇਸ ਕੀਰਤੀ ਦੀ ਮਹਿਮਾ
ਕੋਈ ਪਾਰਖੂ ਹੀ ਜਾਣੇ।

ਦੀਵਾ ਜਦੋਂ ਹੈ ਬਲਦਾ
ਹਨੇਰਾ ਦੂਰ ਹੁੰਦਾ
ਤੇ ਚਾਨਣ ਚੁਫ਼ੇਰੇ ਖਿੰਡਦਾ!!

## ਬੱਚਿਆਂ ਦੇ ਜਜ਼ਬਾਤ ਦੀ ਗੱਲ

ਬੱਚਿਆਂ ਨੂੰ ਖੇਡਣ ਲਈ
ਖੁੱਲ੍ਹਾ ਜਿਹਾ ਮੈਦਾਨ ਦਿਓ
ਹੱਥ ਉਨ੍ਹਾਂ ਦੇ ਵੰਨ-ਸੁਵੰਨੇ
ਮਹਿਕਾਂ ਵੰਡਦੇ ਫੁੱਲਦਾਨ ਦਿਓ।

ਉੱਡਣ ਤਿਤਲੀਆਂ ਵਾਂਗੂੰ
ਫੜਨ ਬੱਦਲਾਂ ਨੂੰ ਹੱਥੀਂ
ਰੰਗ-ਬਰੰਗੇ ਪਤੰਗਾਂ ਨੂੰ
ਅੰਬਰਾਂ ਵਿੱਚ ਉਡਾਣ ਦਿਓ।

ਹਵਾ ਵਿੱਚ ਗੁਬਾਰਿਆਂ ਨੂੰ
ਖ਼ੁਸ਼ੀ 'ਚ ਚਾਂਗਰਾਂ ਮਾਰ ਕੇ
ਨੱਸਦੇ, ਭੱਜਦੇ ਇੱਕ-ਦੂਜੇ ਸੰਗ
ਉਤਾਹੀਂ ਫੜ-ਫੜਾਣ ਦਿਓ।

ਹਾਣੀਆਂ ਦੀ ਟੋਲੀ 'ਚ
ਕੰਗੜੀ ਪਾ ਕੇ
ਪਿਆਰ ਭਰਿਆ ਕੋਈ ਗੀਤ
ਗਾਉਣ ਦਿਓ।

ਐਵੇਂ ਨਾ ਬੰਨ੍ਹੋ
ਬੰਦਸ਼ਾਂ ਦੇ ਪੱਥਰ ਪੈਰੀਂ
ਮਾਸੂਮੀਅਤ ਦੀ ਪੌੜੀ 'ਤੇ
ਚੜ੍ਹਨ ਦਾ ਵਰਦਾਨ ਦਿਓ।

ਬਣਨ ਦਿਓ ਸਮੇਂ ਦੇ ਹਾਣੀ
ਪਿੰਜਰੇ ਪਾਓ ਨਾ ਬੁਲਬੁਲਾਂ ਐਵੇਂ
ਇਨ੍ਹਾਂ ਦੇ ਪਰਾਂ ਨੂੰ
ਖੁੱਲਮ-ਖੁੱਲ੍ਹੇ ਅਰਮਾਨ ਦਿਓ।

ਜਾਣ ਦਿਓ ਅੱਗੇ ਹੋਰ ਅੱਗੇ
ਨਵੇਂ ਦਿਸਹੱਦੇ ਛੂਹਣ ਦੀ ਖ਼ਾਤਰ
ਪਰ, ਆਪਣੇ ਘਰਾਂ ਦੇ ਬਿਰਖਾਂ ਦੀ
ਪਹਿਚਾਣ ਦਿਓ।

ਦਿਓ ਹੱਥਾਂ 'ਚ ਰੰਗ ਤੇ ਬੁਰਸ਼ ਸੁਹਣੇ
ਕੋਰੇ ਨਿਛੁਹ ਕਾਗ਼ਜ਼ਾਂ ਉੱਤੇ
ਕਲਪਨਾ ਤੇ ਰੀਝਾਂ ਦੀਆਂ
ਲੀਕਾਂ ਵਾਹਣ ਦਿਓ।

ਕਿਉਂ ਕਰਦੇ ਹੋ ਕਤਲ
ਨਿਹਫ਼ਲ ਸੁਪਨਿਆਂ ਦੀ ਦੁਨੀਆ
ਗੋਂਦ-ਗੀਟਿਆਂ ਦੀ ਉਮਰੇ
ਖ਼ੂਬਸੂਰਤ ਜਿਹਾ ਰੁਝਾਨ ਦਿਓ।

ਰੁੱਖਾਂ ਦੀਆਂ ਲਿਫ਼-ਲਿਫ਼ ਕਰਦੀਆਂ
ਹਰੀਆਂ ਕਚੂਰ ਟਹਿਣੀਆਂ ਸੰਗ
ਨਰਮ-ਕੂਲੀਆਂ ਬਾਹਵਾਂ ਨੂੰ
ਗਲਵਕੜੀਆਂ ਪਾਉਣ ਦਿਓ।

ਮਿੱਟੀ ਦੀ ਮਮਤਾ
ਤੇ ਧਰਤ ਦੀ ਛੁਹ ਲਈ
ਮੋਹ ਦੇ ਅਹਿਸਾਸ ਦੀਆਂ
ਖੇਡਾਂ ਖੇਡਣ ਦਿਓ।


ਭੁੱਲ ਨਾ ਜਾਣ ਕਿਤੇ
ਖੰਮਣੀ ਵਿਰਸੇ ਦੀ
ਬੱਚਿਆਂ ਨੂੰ ਘਰ ਦਾ
ਰੱਜਵਾਂ ਪਿਆਰ ਦਿਓ।


ਦਿਓ ਮੁਹੱਬਤ ਦੀ ਕੋਈ ਸਰਗਮ
ਹੱਥੀਂ ਸਾਜ਼ਾਂ ਨੂੰ
ਸੂਖ਼ਮ ਬੁੱਲ੍ਹੀਆਂ ਨੂੰ
ਟੁਣਕਾਣ ਦਿਓ।


ਛੱਡ ਕੇ ਵਿਤਕਰੇ
ਰੰਗ-ਨਸਲ, ਵਰਨਾਂ-ਧਰਮਾਂ ਦੇ
ਇੱਕ ਨੂਰ ਇਲਾਹੀ ਦਾ
ਸੁੱਚੜਾ ਜਿਹਾ ਪੈਗ਼ਾਮ ਦਿਓ।


ਜਗਾਓ ਹੱਥਾਂ 'ਚ
ਚਾਨਣ ਦੇ ਅੱਖਰ
ਕਿਤਾਬਾਂ ਪੜ੍ਹਨ ਦੀ
ਮਨਭਾਉਂਦੀ ਮੁਸਕਾਨ ਦਿਓ।


# ਯੂਨੀਸਟਾਰ ਬੁੱਕਸ ਦੀਆਂ ਹੋਰ ਬਾਲ ਪੁਸਤਕਾਂ















©2006
**SUPNIYAN WALA BACHPAN** by **Manmohan Singh Daun**
Published by **Lokgeet Parkashan**, S.C.O. 26-27, Sector 34-A, Chandigarh, Ph.: 0172-5077427, 5077428
Type Setting & Design **PCIS**
Printed & bound at **Gopsons Papers Ltd.,** NOIDA
VISIT US AT www. unistarbooks.com
e-mail: info@unistarbooks.com, editorial@unistarbooks.com, sales@unistarbooks.com
**Ludhiana** : Punjabi Bhawan • 98154 71219

**Rs.35/-**
**P1505-061**